# ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਪਟਿਆਲਾ

## (ਵਾਕ-ਇੰਨ-ਇੰਟਰਵਿਊ)

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਪਟਿਆਲਾ ਮੁੱਖ ਦਫ਼ਤਰ, ਚੰਡੀਗੜ੍ਹ ਦੇ ਪੱਤਰ ਨੰ: 2978-81 ਮਿਤੀ 27-12-2021 ਦੀ ਰੌਸ਼ਨੀ ਵਿਚ ਜ਼ਿਲ੍ਹਾ ਪਟਿਆਲਾ ਦੀਆਂ ਆਈ. ਟੀ. ਆਈਜ਼. ਬਕਰਾਹਾਂ ਅਤੇ ਘਨੌਰ ਲਈ ਆਰਜ਼ੀ ਅਸਾਮੀਆਂ ਦੀ ਸੈਸ਼ਨ 2021-22 ਤੱਕ ਜਾਂ ਰੈਗੂਲਰ ਇੰਸਟਰਕਟਰ ਦੇ ਪ੍ਰਬੰਧ ਤੱਕ, ਬਤੌਰ ਗੈਸਟ ਫੈਕਲਟੀ ਠੇਕੇ ਆਧਾਰ 'ਤੇ ਯੋਗ ਉਮੀਦਵਾਰਾਂ ਨੂੰ ਮਿਤੀ 04-01-2022 ਨੂੰ ਸਵੇਰੇ 10:30 ਵਜੇ ਵਾਕ-ਇੰਨ-ਇੰਟਰਵਿਊ ਲਈ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ। ਇਹ ਅਸਾਮੀਆਂ ਨਿਰੋਲ ਆਰਜ਼ੀ ਤੌਰ 'ਤੇ ਹਨ। ਇਸ ਇਸ਼ਤਿਹਾਰ ਦਾ ਕਿਸੇ ਕਿਸਮ ਦੀ ਪੱਕੀ ਨੌਕਰੀ ਨਾਲ ਕੋਈ ਸੰਬੰਧ ਨਹੀਂ ਹੈ। ਇਸ ਕਾਰਜ ਦੇ ਇਵਜ਼ ਵਿਚ ਚੁਣੇ ਉਮੀਦਵਾਰਾਂ ਨੂੰ ਸੀ. ਟੀ. ਐਸ./ਡੀ. ਐਸ. ਟੀ. ਸਕੀਮ ਅਧੀਨ ਉੱਕਾ-ਪੁੱਕਾ 15,000/- ਰੁ: ਪ੍ਰਤੀ ਮਹੀਨਾ ਦਿੱਤਾ ਜਾਂਵੇਗਾ।

ਨਿਰਧਾਰਤ ਪ੍ਰੋਫਾਰਮਾ, ਟਰੇਡਾਂ ਦੀ ਡਿਟੇਲ ਅਤੇ ਪੰਜਾਬ ਉਦਯੋਗਿਕ ਸਿਖਲਾਈ (ਗਰੁੱਪ-ਬੀ) ਤਕਨੀਕੀ ਸੇਵਾ ਨਿਯਮ 2021 (ਪਹਿਲੀ ਸੋਧ) ਨਿਯਮ ਅਤੇ ਹੋਰ ਸ਼ਰਤਾਂ ਸੰਸਥਾ ਦੀ ਵੈੱਬਸਾਈਟ http://www.punjabitis.gov.in/WebsitePages/ITIHome.aspx ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਉਮੀਦਵਾਰ ਆਪਣੀ ਪ੍ਰਤੀ ਬੇਨਤੀ, ਭਰਿਆ ਨਿਰਧਾਰਤ ਪ੍ਰੋਫਾਰਮਾ ਸਮੇਤ ਅਸਲ ਸਰਟੀਫਿਕੇਟ ਅਤੇ ਹੋਰ ਸੰਬੰਧਿਤ ਦਸਤਾਵੇਜ਼ਾਂ ਨਾਲ ਉਪਰੋਕਤ ਮਿਤੀ ਅਤੇ ਸਮੇਂ ਅਨੁਸਾਰ ਦਫ਼ਤਰ, ਪ੍ਰਿੰਸੀਪਲ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਪਟਿਆਲਾ ਪਾਸ ਪਹੁੰਚਣ। ਸੰਸਥਾ ਇਨ੍ਹਾਂ ਆਰਜ਼ੀ ਅਸਾਮੀਆਂ ਨੂੰ ਬਿਨਾਂ ਕਾਰਨ ਦੱਸੇ ਰੱਦ ਕਰ ਸਕਦੀ ਹੈ ਜਾਂ ਅਸਾਮੀਆਂ ਦੀ ਗਿਣਤੀ ਵਧਾ/ਘਟਾ ਸਕਦੀ ਹੈ।

ਸਹੀ/- ਪ੍ਰਿੰਸੀਪਲ,

No. 12/8062/2021/11833 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਪਟਿਆਲਾ।